# ਨਸ਼ਾ ਮੁਕਤੀ ਚੇਤਨਾ ਸੰਘ (ਪੰਜਾਬ)


| | |
|---|
| ਅੰਕ: 01 |
| ਸਾਲ: 2026 |
| ਅਪ੍ਰੈਲ-ਮਈ-ਜੂਨ<br>ਮੁਫਤ ਵੰਡ ਲਈ |






**ਇਸ ਅੰਕ ਵਿੱਚ**

- ਸੰਪਾਦਕੀ
- ਉਦੇਸ਼
- ਲੇਖ
- ਕਹਾਣੀ .
- ਕਵਿਤਾ
- ਸਮਾਗਮਾਂ ਦਾ ਵੇਰਵਾ


"ਆਓ, ਨਸ਼ਿਆਂ ਤੋਂ ਆਜ਼ਾਦੀ ਦਾ ਸੰਕਲਪ ਲਈਏ"

## ਸਾਡੇ ਅਦਰਸ਼


ਸ਼ਹੀਦ ਭਗਤ ਸਿੰਘ


ਸ਼ਹੀਦ ਊਧਮ ਸਿੰਘ


ਸ਼ਹੀਦ ਕਰਤਾਰ ਸਿੰਘ ਸਰਾਭਾ


ਸ਼ਹੀਦ ਸੁਖਦੇਵ ਥਾਪਰ


ਸ਼ਹੀਦ ਮਦਨ ਲਾਲ ਢੀਂਗਰਾ

# ਨਸ਼ਾ ਮੁਕਤੀ ਚੇਤਨਾ ਸੰਘ (ਪੰਜਾਬ) ਵੱਲੋਂ
# ਇਸ ਤਿਮਾਹੀ ਵਿੱਚ ਕੀਤੇ ਸਮਾਗਮਾਂ ਦੀਆਂ ਝਲਕੀਆਂ
















ਡਲਹੌਜ਼ੀ ਵਿੱਚ ਨਸ਼ਾ ਮੁਕਤੀ ਚੇਤਨਾ ਸੰਘ ਦਾ ਚਾਰ ਰੋਜ਼ਾ ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ ਸਫਲਤਾਪੂਰਵਕ ਸੰਪੰਨ

# ਸੰਪਾਦਕੀ

## ਨਸ਼ਾ ਮੁਕਤ ਪੰਜਾਬ – ਸਾਡੇ ਸਾਂਝੇ ਸੰਕਲਪ ਦੀ ਯਾਤਰਾ

*ਡਾ. ਜਸਪਾਲ ਸਿੰਘ , ਮੈਂਬਰ ਪ੍ਰਾਂਤ ਟੀਮ, ਇੰਚਾਰਜ ਅਕਾਦਮਿਕ ਕਾਰਜਾਂ*

*ਨਸ਼ਾ ਮੁਕਤੀ ਚੇਤਨਾ ਸੰਘ (ਪੰਜਾਬ)*

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ!!**

ਪਿਆਰੇ ਪਾਠਕੋ,

ਤੁਹਾਡੇ ਹੱਥਾਂ ਵਿੱਚ ਨਸ਼ਾ ਮੁਕਤੀ ਚੇਤਨਾ ਸੰਘ (ਪੰਜਾਬ) ਦੀ ਤਿਮਾਹੀ ਪੱਤਰਿਕਾ (ਅਪ੍ਰੈਲ–ਮਈ–ਜੂਨ 2026) ਦਾ ਇਹ ਅੰਕ ਪਹੁੰਚ ਰਿਹਾ ਹੈ। ਇਹ ਕੇਵਲ ਇੱਕ ਪੱਤਰਿਕਾ ਨਹੀਂ, ਸਗੋਂ ਨਸ਼ਾ ਮੁਕਤ, ਚਰਿੱਤਰਵਾਨ, ਸਿਹਤਮੰਦ ਅਤੇ ਰਾਸ਼ਟਰ-ਨਿਰਮਾਣ ਲਈ ਸਮਰਪਿਤ ਸਮਾਜ ਦੀ ਸਾਂਝੀ ਸੋਚ ਦਾ ਪ੍ਰਤੀਕ ਹੈ।

ਸਾਡੀ ਕਾਰਜ-ਪ੍ਰਣਾਲੀ ਦਾ ਕੇਂਦਰ ਕੇਵਲ ਨਸ਼ਿਆਂ ਦੇ ਨੁਕਸਾਨ ਦੱਸਣਾ ਨਹੀਂ, ਸਗੋਂ ਜੀਵਨ ਦੇ ਸਕਾਰਾਤਮਕ ਵਿਕਲਪ ਪੇਸ਼ ਕਰਨਾ ਹੈ। ਚੰਗਾ ਪਰਿਵਾਰ, ਚੰਗੇ ਸੰਸਕਾਰ, ਖੇਡਾਂ, ਯੋਗ, ਭਾਰਤੀ ਗਿਆਨ ਪਰੰਪਰਾ, ਸੇਵਾ, ਆਧਿਆਤਮਿਕਤਾ ਅਤੇ ਰਾਸ਼ਟਰਭਗਤੀ—ਇਹ ਉਹ ਅਸਲ ਸ਼ਕਤੀਆਂ ਹਨ ਜੋ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਸਕਦੀਆਂ ਹਨ। ਸਾਡਾ ਉਦੇਸ਼ ਡਰ ਪੈਦਾ ਕਰਨਾ ਨਹੀਂ, ਸਗੋਂ ਜਾਗਰੂਕਤਾ, ਆਤਮ-ਵਿਸ਼ਵਾਸ ਅਤੇ ਜੀਵਨ ਪ੍ਰਤੀ ਸਕਾਰਾਤਮਕ ਸੋਚ ਦਾ ਨਿਰਮਾਣ ਕਰਨਾ ਹੈ।

ਇਸ ਤਿਮਾਹੀ ਦੀ ਸਭ ਤੋਂ ਮਹੱਤਵਪੂਰਨ ਉਪਲਬਧੀ 18 ਅਪ੍ਰੈਲ 2026 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਯੋਜਿਤ **"ਨਸ਼ਾ ਮੁਕਤ ਪੰਜਾਬ ਸੰਕਲਪ ਸਮਾਰੋਹ"** ਰਿਹਾ, ਜਿਸ ਵਿੱਚ ਹਜ਼ਾਰਾਂ ਸਮਾਜ ਸੇਵਕਾਂ, ਸਿੱਖਿਆਵਿਦਾਂ, ਧਾਰਮਿਕ ਆਗੂਆਂ, ਨੌਜਵਾਨਾਂ ਅਤੇ ਵਿਦਿਆਰਥੀਆਂ ਨੇ ਨਸ਼ਾ ਮੁਕਤ ਪੰਜਾਬ ਦਾ ਸੰਕਲਪ ਦੁਹਰਾਇਆ। ਇਸ ਸਮਾਰੋਹ ਨੇ ਸਾਬਤ ਕੀਤਾ ਕਿ ਜਦੋਂ ਸਮਾਜ, ਸਿੱਖਿਆ ਅਤੇ ਧਾਰਮਿਕ ਸੰਸਥਾਵਾਂ ਇੱਕ ਮੰਚ 'ਤੇ ਆਉਂਦੀਆਂ ਹਨ ਤਾਂ ਜਨ-ਅੰਦੋਲਨ ਦੀ ਇੱਕ ਨਵੀਂ ਤਾਕਤ ਜਨਮ ਲੈਂਦੀ ਹੈ।

ਅਸੀਂ ਇਸ ਪੱਤਰਿਕਾ ਰਾਹੀਂ ਸਮੁੱਚੇ ਪੰਜਾਬ ਦੇ ਕਾਰਜਕਰਤਾਵਾਂ, ਅਧਿਆਪਕਾਂ, ਧਾਰਮਿਕ ਆਗੂਆਂ, ਸਮਾਜਿਕ ਸੰਸਥਾਵਾਂ, ਪ੍ਰਸ਼ਾਸਨਿਕ ਅਧਿਕਾਰੀਆਂ, ਪੱਤਰਕਾਰ ਭਰਾਵਾਂ ਅਤੇ ਉਹਨਾਂ ਸਾਰੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਇਸ ਅਭਿਆਨ ਨੂੰ ਲੋਕ-ਅੰਦੋਲਨ ਬਣਾਉਣ ਵਿੱਚ ਆਪਣਾ ਅਮੁੱਲ ਯੋਗਦਾਨ ਦਿੱਤਾ ਹੈ। ਜਿੰਨ੍ਹਾਂ ਦੀਆਂ ਮਹੱਤਵਪੂਰਨ ਗਤੀਵਿਧੀਆਂ , ਰਚਨਾਵਾਂ ਨੂੰ ਇੱਕ ਉਲੇਖ ਦੇ ਰੂਪ ਚ ਸਾਂਭਦਿਆਂ ਪ੍ਰੇਰਨਾ ਸਰੋਤ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ।

ਸਾਡੀ ਇਹ ਪੱਤਰਿਕਾ ਸਿਰਫ਼ ਗਤੀਵਿਧੀਆਂ ਦਾ ਦਸਤਾਵੇਜ਼ ਨਹੀਂ, ਸਗੋਂ ਸਮਾਜ ਲਈ ਇੱਕ ਸੱਦਾ ਹੈ—**ਆਓ, ਨਸ਼ਾ ਮੁਕਤ ਪੰਜਾਬ ਦੀ ਇਸ ਯਾਤਰਾ ਵਿੱਚ ਆਪਣਾ ਸਰਗਰਮ ਯੋਗਦਾਨ ਪਾਈਏ।**

*—*—*—*—*

,

**ਕਹਾਣੀ: ਸੰਗਤ ਦਾ ਅਸਰ**

***ਡਾ. ਰਾਜਿੰਦਰਪਾਲ ਸਿੰਗਲਾ***

*ਜ਼ਿਲ੍ਹਾ ਸੰਯੋਜਕ, ਫਤਹਿਗੜ੍ਹ ਸਾਹਿਬ , ਨਸ਼ਾ ਮੁਕਤੀ ਚੇਤਨਾ ਸੰਘ (ਪੰਜਾਬ)*

ਹਰਮਨ ਇਕ ਬਹੁਤ ਹੀ ਹੋਣਹਾਰ ਅਤੇ ਸਿਆਣਾ ਬੱਚਾ ਸੀ, ਸਾਰੇ ਪਿੰਡ ਵਾਲੇ ਹਰਮਨ ਦੀ ਬਹੁਤ ਤਾਰੀਫ਼ ਕਰਦੇ ਸਨ, ਹਰਮਨ ਹਰ ਇਕ ਨਾਲ ਹੱਸ ਕੇ ਬੋਲਦਾ ਸੀ। ਆਪਣੇ ਤੋਂ ਵੱਡਿਆਂ ਦੀ ਇੱਜ਼ਤ ਅਤੇ ਛੋਟਿਆਂ ਨੂੰ ਪਿਆਰ ਦੇਣਾ ਤਾਂ ਜਿਵੇਂ ਉਸਦੀ ਆਦਤ ਹੀ ਬਣ ਗਈ ਹੋਵੇ। ਪੜ੍ਹਨ ਵਿਚ ਬਹੁਤ ਹੁਸ਼ਿਆਰ ਹੋਣ ਕਰਕੇ ਸਾਰੇ ਪਿੰਡ ਨੂੰ ਉਸ ਤੋਂ ਬਹੁਤ ਉਮੀਦਾਂ ਸਨ ਕਿ ਇਹ ਵੱਡਾ ਹੋ ਕੇ ਪੜ੍ਹ-ਲਿਖ ਕੇ ਆਪਣੇ ਘਰ ਦੀ ਗਰੀਬੀ ਦੇ ਨਾਲ ਨਾਲ ਆਪਣੇ ਪਿੰਡ ਲਈ ਵੀ ਕੁਝ ਕਰੇਗਾ ਕਿਉਂਕਿ ਉਸਦੀ ਮਾਂ ਨੇ ਲੋਕਾਂ ਦੇ ਘਰਾਂ ਵਿਚ ਕੰਮ ਕਰਕੇ ਉਸਦਾ ਪਾਲਣ-ਪੋਸ਼ਣ ਕੀਤਾ ਸੀ । ਹਰਮਨ ਦੇ ਪਿਤਾ ਦੀ ਮੌਤ ਬਚਪਨ ਵਿਚ ਇਕ ਐਕਸੀਡੈਂਟ ਦੌਰਾਨ ਹੋ ਗਈ ਸੀ, ਉਦੋਂ ਹਰਮਨ ਪੰਜ ਸਾਲ ਦਾ ਹੀ ਸੀ ਉਸ ਤੋਂ ਬਾਅਦ ਉਸਦੀ ਮਾਂ ਨੇ ਉਮੀਦ ਨਹੀਂ ਛੱਡੀ ਅਤੇ ਬਹੁਤ ਸਖ਼ਤ ਮਿਹਨਤ ਕਰਨ ਲੱਗੀ ਤਾਂ ਜੋ ਉਹ ਹਰਮਨ ਦੀ ਚੰਗੀ ਤਰ੍ਹਾਂ ਦੇਖ-ਭਾਲ ਕਰ ਸਕੇ ਅਤੇ ਉਸਨੂੰ ਇਕ ਕਾਬਿਲ ਇਨਸਾਨ ਬਣਾ ਸਕੇ।

ਅੱਜ ਹਰਮਨ ਦੇ ਬਾਰਵੀਂ ਜਮਾਤ ਦਾ ਨਤੀਜਾ ਆਇਆ ਸਾਰੇ ਪਿੰਡ ਵਿਚ ਖੁਸ਼ੀ ਦੀ ਲਹਿਰ ਸੀ ਕਿਉਂਕਿ ਹਰਮਨ ਨੇ ਸਾਇੰਸ ਦੇ ਵਿਸ਼ੇ ਵਿਚ ਪੰਜਾਬ ਭਰ ਵਿਚੋਂ ਮੈਰਿਟ ਪ੍ਰਾਪਤ ਕੀਤੀ ਸੀ, ਸਕੂਲ ਵਿਚ ਲੱਡੂ ਵੰਡੇ ਗਏ, ਮਾਸਟਰ ਹਰਗੋਪਾਲ ਸਿੰਘ ਜੋ ਕਿ ਹਰਮਨ ਨੂੰ ਪੜ੍ਹਾਉਂਦੇ ਸਨ ਅਤੇ ਜਿਨ੍ਹਾਂ ਦਾ ਹਰਮਨ ਨੂੰ ਇਸ ਮੁਕਾਮ ਪ੍ਰਾਪਤ ਕਰਨ ਵਿਚ ਬਹੁਤ ਵੱਡਾ ਹੱਥ ਸੀ, ਮਾਸਟਰ ਜੀ ਹਰਮਨ ਨੂੰ ਸਕੂਲ ਤੋਂ ਬਾਅਦ ਵੀ ਘਰ ਬੁਲਾ ਕੇ ਪੜ੍ਹਾਉਂਦੇ ਸਨ ਉਹ ਵੀ ਬਿਨਾਂ ਕਿਸੇ ਫੀਸ ਦੇ ਉਨ੍ਹਾਂ ਦਾ ਇਹ ਸੁਪਨਾ ਸੀ ਕਿ ਹਰਮਨ ਇਕ ਦਿਨ ਬਹੁਤ ਵੱਡਾ ਅਫ਼ਸਰ ਬਣੇ।

ਕਿਉਂਕਿ ਹਰਮਨ ਮੈਰਿਟ ਵਿਚ ਆਇਆ ਸੀ ਇਸ ਲਈ ਉਸਨੂੰ ਅੱਗੇ ਪੜ੍ਹਨ ਲਈ ਵਜ਼ੀਫਾ ਵੀ ਮਿਲ ਗਿਆ ਸੀ, ਪਰ ਘਰ ਵਿੱਚ ਉਹ ਆਪਣੀ ਮਾਂ ਨੂੰ ਛੱਡ ਕੇ ਉਹ ਸ਼ਹਿਰ ਪੜ੍ਹਨ ਨਹੀਂ ਸੀ ਜਾਣਾ ਚਾਹੁੰਦਾ, ਪਿੰਡ ਦੇ ਸਰਪੰਚ ਸਾਹਿਬ ਅਤੇ ਮਾਸਟਰ ਜੀ ਦੇ ਬਹੁਤ ਜ਼ੋਰ ਪਾਉਣ ਤੇ ਹਰਮਨ ਆਪਣੀ ਅਗਲੀ ਪੜ੍ਹਾਈ ਲਈ ਸ਼ਹਿਰ ਜਾਣ ਲਈ ਤਿਆਰ ਹੋ ਗਿਆ, ਕਿਉਂਕਿ ਹਰਮਨ ਮੈਰਿਟ ਵਿਚ ਆਇਆ ਸੀ ਇਸ ਲਈ ਉਸਦੀ ਐਡਮਿਸ਼ਨ ਸ਼ਹਿਰ ਦੇ ਬਹੁਤ ਹੀ ਵਧੀਆ ਕਾਲਜ ਵਿਚ ਹੋ ਗਈ। ਮਾਸਟਰ ਜੀ ਨੇ ਉਸਦੀ ਹੋਸਟਲ ਵਿਚ ਸੈਟਿੰਗ ਵਗੈਰਾ ਕਰਵਾ ਦਿੱਤੀ ਤਾਂ ਕਿ ਉਸਨੂੰ ਉੱਥੇ ਰਹਿਣ ਵਿਚ ਕੋਈ ਸਮੱਸਿਆ ਨਾ ਆਏ ਅਤੇ ਹਰਮਨ ਦਿਲ ਲਾ ਕੇ ਪੜ੍ਹ ਸਕੇ।

ਕਾਲਜ ਦਾ ਸੈਸ਼ਨ ਸ਼ੁਰੂ ਹੋ ਗਿਆ ਹਰਮਨ ਬਹੁਤ ਹੀ ਇਮਾਨਦਾਰੀ ਨਾਲ ਲੈਕਚਰ ਸੁਣਦਾ ਅਤੇ ਲਾਇਬ੍ਰੇਰੀ ਜਾਂ ਕੇ ਬਹੁਤ ਮਿਹਨਤ ਕਰਨ ਲੱਗ ਪਿਆ, ਬਹੁਤ ਹੀ ਜਲਦੀ ਹਰਮਨ ਪ੍ਰੋਫੈਸਰਾਂ ਦੀਆਂ ਅੱਖਾਂ ਵਿਚ ਇਕ ਹੋਣਹਾਰ ਵਿਦਿਆਰਥੀ ਬਣ ਗਿਆ, ਹਰਮਨ ਦੇ ਪਹਿਲੇ ਸਮੈਸਟਰ ਦੇ ਪੇਪਰ ਹੋਏ ਜਿਸ ਵਿਚ ਹਰਮਨ ਨੇ ਬਹੁਤ ਸੋਹਣੇ ਨੰਬਰ ਲੈ ਕੇ ਪਹਿਲੀ ਪੁਜੀਸ਼ਨ ਪ੍ਰਾਪਤ ਕੀਤੀ। ਹਰਮਨ ਦੇ ਕਾਲਜ ਵਿਚ ਕੁਝ ਲੜਕਿਆਂ ਦਾ ਇੱਕ ਗਰੁੱਪ ਸੀ ਜੋ ਕਿ ਕਲਾਸਾਂ ਨਾ ਲਗਾਕੇ ਸਾਰਾ ਦਿਨ ਅਵਾਰਾਗਰਦੀ ਕਰਦੇ ਸਨ। ਇਸ ਗਰੁੱਪ ਦੇ ਕੁਝ ਮੈਂਬਰ ਨਸ਼ੇ ਦਾ ਵੀ ਇਸਤੇਮਾਲ ਕਰਦੇ ਸਨ, ਹਰਮਨ ਦੇ ਇਕ ਦੋਸਤ ਦੁਆਰਾ ਉਸਦੀ ਮੁਲਾਕਾਤ ਇਸ ਗਰੁੱਪ ਨਾਲ ਹੋਈ,ਇਸ ਤੋਂ ਬਾਅਦ ਇਸ ਗਰੁੱਪ ਦੇ ਲੜਕੇ ਹਰਮਨ ਕੋਲ ਆਉਣ ਜਾਣ ਲੱਗ ਗਏ ਉਹ ਕਦੇ ਕਦੇ ਹਰਮਨ ਦੇ ਕਮਰੇ ਵਿੱਚ ਰਾਤ ਵੀ ਰੁਕ ਜਾਂਦੇ ਸਨ।

ਇਕ ਦਿਨ ਉਸ ਗਰੁੱਪ ਦੇ ਇਕ ਲੜਕੇ ਦਾ ਜਨਮ ਦਿਨ ਸੀ ਤਾਂ ਸਭ ਨੇ ਇਹ ਫੈਸਲਾ ਕੀਤਾ ਕਿ ਅੱਜ ਰਾਤ ਦੀ ਪਾਰਟੀ ਹਰਮਨ ਦੇ ਕਮਰੇ ਵਿਚ ਹੋਵੇਗੀ। ਇਸ ‘ਤੇ ਹਰਮਨ ਨੇ ਵੀ ਕੋਈ ਇਤਰਾਜ਼ ਨਾ ਜਤਾਇਆ, ਸਭ ਸ਼ਾਮ ਨੂੰ ਖਾਣ-ਪੀਣ ਦਾ ਸਮਾਨ ਲੈ ਕੇ ਹਰਮਨ ਦੇ ਕਮਰੇ ਵਿਚ ਪੁੱਜ ਗਏ।ਪਾਰਟੀ ਪਹਿਲਾਂ ਸਨੈਕਸ ਦੇ ਖਾਣ-ਪੀਣ ਤੋਂ ਸ਼ੁਰੂ ਹੋਈ ਫਿਰ ਕੁਝ ਸਮੇਂ ਬਾਅਦ ਸ਼ਰਾਬ ਦੀ ਬੋਤਲ ਖੋਲ੍ਹ ਲਈ

ਜਾਂਦੀ ਹੈ, ਜਿਸਤੇ ਹਰਮਨ ਦੇ ਇਤਰਾਜ਼ ਕਰਨ ਤੋਂ ਬਾਅਦ ਵੀ ਕਿਸੇ ਤੇ ਕੋਈ ਅਸਰ ਨਹੀਂ ਹੋਇਆ, ਸਾਰੇ ਦੋਸਤਾਂ ਨੇ ਜਬਰਦਸਤੀ ਹਰਮਨ ਨੂੰ ਵੀ ਸ਼ਰਾਬ ਪਿਲਾ ਦਿੱਤੀ। ਇਸੇ ਤਰ੍ਹਾਂ ਪਾਰਟੀਆਂ ਦਾ ਦੌਰ ਸ਼ੁਰੂ ਹੋ ਗਿਆ ਕਦੇ ਕੋਈ ਬਹਾਨਾ ਬਣਾ ਕੇ ਤੇ ਕਦੇ ਕੋਈ, ਹਰ ਪਾਰਟੀ ਵਿਚ ਸ਼ਰਾਬ ਆਮ ਜਿਹੀ ਗੱਲ ਬਣ ਗਈ, ਹੁਣ ਤਾਂ ਹਰਮਨ ਨੂੰ ਵੀ ਇਹ ਚੰਗੀ ਲਗਣ ਲੱਗ ਗਈ ਸੀ।ਸਮਾਂ ਬੀਤਣ ਨਾਲ ਹਰਮਨ ਦੀ ਰੁਚੀ ਪੜ੍ਹਾਈ ਵਿਚੋਂ ਘੱਟ ਹੁੰਦੀ ਗਈ ਹੁਣ ਉਹ ਜ਼ਿਆਦਾ ਸਮਾਂ ਅਵਾਰਾਗਰਦੀ ਕਰਨ ਵਿਚ ਬਰਬਾਦ ਕਰਨ ਲੱਗ ਪਿਆ ਸੀ। ਜਿਸ ਕਰਕੇ ਉਸਦੇ ਇਮਤਿਹਾਨ ਵਿਚੋਂ ਚੰਗੇ ਨੰਬਰ ਨਹੀਂ ਆਏ ਸਗੋਂ ਦੋ ਪੇਪਰਾਂ ਵਿਚੋਂ ਫੇਲ੍ਹ ਵੀ ਹੋ ਗਿਆ ਸੀ । ਇਸ ਤਰ੍ਹਾਂ ਕੁਝ ਮਹੀਨੇ ਬੀਤਣ ਤੋਂ ਬਾਅਦ ਹਰਮਨ ਪੂਰਾ ਨਸ਼ੇੜੀ ਬਣ ਚੁੱਕਾ ਸੀ ਹੁਣ ਉਹ ਚਿੱਟੇ ਦਾ ਵੀ ਆਦੀ ਹੋ ਗਿਆ ਸੀ । ਉਹ ਸਾਰਾ ਦਿਨ ਹੋਸਟਲ ਦੇ ਕਮਰੇ ਵਿਚ ਪਿਆ ਰਹਿੰਦਾ ।ਇਕ ਦਿਨ ਮਾਸਟਰ ਜੀ ਕਿਸੇ ਕੰਮ ਸ਼ਹਿਰ ਆਏ ਤਾਂ ਉਹ ਹਰਮਨ ਨੂੰ ਮਿਲਣ ਲਈ ਕਾਲਜ ਆ ਗਏ, ਜਦੋਂ ਕਾਲਜ ਵਿਚ ਹਰਮਨ ਨਾ ਮਿਲਿਆ ਤਾਂ ਉਹ ਹੋਸਟਲ ਹਰਮਨ ਦੇ ਕਮਰੇ ਵਿਚ ਪੁੱਜ ਗਏ, ਜਦੋਂ ਮਾਸਟਰ ਜੀ ਨੇ ਹਰਮਨ ਦੀ ਹਾਲਤ ਦੇਖੀ ਤਾਂ ਉਹਨਾਂ ਦੇ ਹੋਸ਼ ਉੱਡ ਗਏ। ਉਹਨਾਂ ਨੇ ਹਰਮਨ ਨੂੰ ਉਸੇ ਵਕਤ ਆਪਣੇ ਨਾਲ ਲੈ ਕੇ ਆ ਗਏ ਪਹਿਲਾਂ ਤਾਂ ਉਹ ਇੱਕ ਡਾਕਟਰ ਕੋਲ ਉਸਦਾ ਇਲਾਜ ਕਰਵਾਉਣ ਲਈ ਇਕ ਹਸਪਤਾਲ ਲੈ ਕੇ ਗਏ, ਇਲਾਜ ਲਈ ਲਗਭਗ ਪੰਦਰਾਂ ਦਿਨ ਹਸਪਤਾਲ ਵਿਚ ਰਹਿਣ ਤੋਂ ਬਾਅਦ ਹਰਮਨ ਨੂੰ ਛੁੱਟੀ ਮਿਲੀ, ਫਿਰ ਉਸਨੇ ਮਾਸਟਰ ਜੀ ਨੂੰ ਉਸ ਨਾਲ ਬੀਤੀ ਕਹਾਣੀ ਸੁਣਾਈ ਅਤੇ ਮਾਸਟਰ ਜੀ ਤੋਂ ਮਾਫ਼ੀ ਮੰਗੀ ਅਤੇ ਅੱਗੇ ਤੋਂ ਅਜਿਹਾ ਕੁਝ ਨਾ ਕਰਨ ਦੀ ਸਹੁੰ ਵੀ ਖਾਧੀ। ਹੁਣ ਹਰਮਨ ਪਹਿਲਾਂ ਵਾਲਾ ਹਰਮਨ ਬਣ ਗਿਆ ਸੀ ਉਸਨੇ ਰੱਜ ਕੇ ਮਿਹਨਤ ਕੀਤੀ ਅਤੇ ਸਕੂਲ ਵਿੱਚ ਸਰਕਾਰੀ ਮਾਸਟਰ ਦੀ ਨੌਕਰੀ ਪ੍ਰਾਪਤ ਕੀਤੀ। ਅੱਜ-ਕੱਲ ਉਹ ਇਸ ਆਪਣੇ ਹੀ ਪਿੰਡ ਦੇ ਸਕੂਲ ਵਿਚ ਪੜ੍ਹਾਉਂਦਾ ਹੈ ਅਤੇ ਬੱਚਿਆਂ ਨੂੰ ਨਸ਼ਿਆਂ ਵਰਗੀ ਬਿਮਾਰੀ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਦਾ ਰਹਿੰਦਾ ਹੈ।

ਅੱਜਕਲ੍ਹ ਹਰਮਨ ਸਭ ਵਿਦਿਆਰਥੀਆਂ ਤੇ ਮਾਪਿਆਂ ਨੂੰ ਆਖਦਾ ਹੈ ਕਿ "ਹਰ ਮਨੁੱਖ ਨੂੰ ਆਪਣੇ ਪੱਧਰ 'ਤੇ ਨਸ਼ਿਆਂ ਪ੍ਰਤੀ ਜਾਗਰੂਕਤਾ ਕਰਨੀ ਚਾਹੀਦੀ ਹੈ ਤਾਂ ਜੋ ਅਸੀਂ ਵੀ ਨਸ਼ਿਆਂ ਤੋਂ ਆਜ਼ਾਦੀ ਸੰਗਰਾਮ ਚ ਆਪਣਾ ਯੋਗਦਾਨ ਪਾ ਸਕੀਏ" ।

*—*—*—*—*

## ਪੰਜਾਬੀ ਗੀਤਾਂ ਵਿੱਚ ਨਸ਼ੇ ਤੇ ਹਥਿਆਰਾਂ ਦਾ ਰੁਝਾਨ ਪੰਜਾਬ ਦੀ ਜਵਾਨੀ ਨੂੰ ਗਲਤ ਰਾਹ ਤੇ ਤੋਰ ਰਿਹਾ ਹੈ


### *ਡਾ. ਅਵਿਨਾਸ਼ ਰਾਣਾ*

*ਮੈਂਬਰ ਪ੍ਰਾਂਤ ਟੀਮ, ਇੰਚਾਰਜ ਪ੍ਰਿੰਟ ਮੀਡੀਆ , ਨਸ਼ਾ ਮੁਕਤੀ ਚੇਤਨਾ ਸੰਘ (ਪੰਜਾਬ)*


ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ, ਸਮਾਜ ਵਿੱਚ ਜੋ ਕੁਝ ਵਾਪਰਦਾ ਹੈ ਉਸੇ ਤਰ੍ਹਾਂ ਦੀਆਂ ਸਾਹਿਤ ਵਿੱਚ ਕਹਾਣੀਆਂ ਕਵਿਤਾਵਾਂ ਅਤੇ ਗੀਤਾਂ ਦੀ ਭਰਮਾਰ ਹੋਣੀ ਸ਼ੁਰੂ ਹੋ ਜਾਂਦੀ ਹੈ, ਜਿਸ ਤਰਾਂ ਦਾ ਸਮਾਜ ਆਪਣਾ ਆਲਾ ਦੁਆਲਾ ਸਿਰਜਦਾ ਹੈ ਉਸੇ ਤਰ੍ਹਾਂ ਦੇ ਗੀਤ ਬਣ ਜਾਂਦੇ ਨੇ, ਜੇਕਰ ਦੂਜੀ ਤਰ੍ਹਾਂ ਆਖਿਆ ਜਾਵੇ ਤਾਂ ਸਾਡੇ ਗੀਤਾਂ ਦਾ ਪ੍ਰਭਾਵ ਸਾਡਾ ਸਮਾਜ ਕਬੂਲਦਾ ਹੈ ਅਤੇ ਸਾਡੇ ਸਮਾਜ ਦੇ ਪ੍ਰਭਾਵ ਸਾਡੇ ਗੀਤ ਕਬੂਲਦੇ ਹਨ, ਦੋਵੇਂ ਅਸਲ ਵਿੱਚ ਇੱਕ ਦੂਜੇ ਦੇ ਪੂਰਕ ਹਨ, ਜੋ ਸਮਾਜ ਵਿੱਚ ਵਾਪਰ ਰਿਹਾ ਹੁੰਦਾ ਹੈ, ਉਹ ਗੀਤਾਂ ਵਿੱਚ ਦਿਖਾਇਆ ਜਾਂਦਾ ਹੈ, ਜੇਕਰ ਅਸੀਂ ਪਿਛੋਕੜ ਦੀ ਗੱਲ ਕਰੀਏ ਤਾਂ ਇੱਕ ਅਜਿਹਾ ਸਮਾਂ ਸੀ ਜਦੋਂ ਪੰਜਾਬ ਦੇ ਵਿੱਚ ਬਹੁਤ ਸਾਰੇ ਮੁਗਲ ਧਾੜਵੀ ਆਉਂਦੇ ਸਨ, ਉਸ ਸਮੇਂ ਦੀਆਂ ਅਖਾਣਾਂ ਕਰਤੇ ਗੀਤਾਂ ਵਿੱਚ ਜੋ ਜ਼ਿਕਰ ਅਤੇ ਜੋ ਫਿਕਰ ਹੁੰਦਾ ਸੀ ਉਸ ਨੂੰ ਸੁਣ ਕੇ ਪਤਾ ਲੱਗਦਾ ਸੀ ਕਿ ਪੰਜਾਬ ਵਿੱਚ ਕੀ ਵਾਪਰ ਰਿਹਾ ਹੈ

**ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ...**

ਭਾਵ ਸੀ ਕਿ ਜੋ ਕੁਝ ਖਾਣਾ ਹੈ ਖਾ ਪੀ ਲਵੋ ਬਾਕੀ ਅਹਿਮਦ ਸ਼ਾਹ ਅਬਦਾਲੀ ਲੁੱਟ ਕੇ ਲੈ ਜਾਵੇਗਾ, ਜਦੋਂ ਪੰਜਾਬ ਵਿੱਚ ਡਾਕੂਆਂ ਦਾ ਸਮਾਂ ਹੁੰਦਾ ਸੀ ਉਦੋਂ ਜਿਉਣੇ ਮੌੜ ਦੀਆਂ ਕਲੀਆਂ, ਸੁੱਚੇ ਸੂਰਮੇ ਦੀਆਂ ਕਲੀਆਂ ਅਹਿਮਦ ਡੋਗਰ ਦੇ ਕਿੱਸੇ ਸਮਾਜ ਵਿੱਚ ਅਤੇ ਪੰਜਾਬ ਵਿੱਚ ਗਾਏ ਜਾਂਦੇ ਸੀ,ਫਿਰ ਇੱਕ ਅਜਿਹਾ ਸਮਾਂ ਸੀ ਜਦੋਂ ਸਾਡੇ ਗੀਤਾਂ ਵਿੱਚ ਚਰਖਿਆਂ ਤੇ ਤ੍ਰਿੰਜਣਾਂ ਦੀ ਗੱਲ ਹੁੰਦੀ ਸੀ ਖੇਡਾਂ ਤੇ ਕੁਸ਼ਤੀਆਂ ਦੀ ਗੱਲ ਹੁੰਦੀ ਸੀ ਗੀਤਾਂ ਦੇ ਵਿੱਚ ਮੇਲਿਆਂ ਦਾ ਤ੍ਰਿੰਜਣਾਂ ਦਾ, ਖੂਹਾਂ ਦਾ, ਕਪਾਹਾਂ ਦਾ ,ਮੱਕੀ ਦਾ ਛੱਲੀਆਂ ਦਾ ਜ਼ਿਕਰ ਹੁੰਦਾ ਸੀ ,

**ਲੈ ਜਾ ਛੱਲੀਆਂ ਭੁਨਾ ਲਈ ਦਾਣੇ , ਵੇ ਮਿੱਤਰਾਂ ਦੂਰ ਦਿਆ...**

ਵਰਗੇ ਗੀਤ ਕੰਨਾਂ ਵਿੱਚ ਮਿਠਾਸ ਪਰੋਸਦੇ ਸਨ,ਪਰੰਤੂ ਜੇਕਰ ਅੱਜ ਦੇ ਗੀਤਾਂ ਦੀ ਗੱਲ ਕਰੀਏ ਤਾਂ ਕੇਵਲ ਤੇ ਕੇਵਲ ਨਸ਼ੇ ਅਤੇ ਹਥਿਆਰਾਂ ਨਾਲ ਹੀ ਪੰਜਾਬੀ ਗੀਤ ਗਾਏ ਜਾਂਦੇ ਹਨ, ਸਾਡੇ ਅੱਜ ਦੇ ਅਜੋਕੇ ਵਿਆਹ ਸ਼ਾਦੀਆਂ ਵਿੱਚ ਗੂੰਜ ਦੇ ਗੀਤਾਂ ਵਿੱਚ

**ਲਾ ਕੇ ਤਿੰਨ ਪੈੱਗ ਬਲੀਏ, ਪੈਂਦੇ ਭੰਗੜੇ ਗੱਡੀ ਦੀ ਡਿੱਗੀ ਖੋਲ ਕੇ...**

ਵਰਗੇ ਗੀਤਾਂ ਬਗੈਰ ਵਿਆਹ ਸੰਪੂਰਨ ਨਹੀਂ ਹੁੰਦਾ ,ਪੰਜਾਬ ਦੇ ਗੀਤਾਂ ਵਿੱਚ ਸਿਰਫ ਦੋ ਹੀ ਗੱਲਾਂ ਦੀ ਭਰਮਾਰ ਹੁੰਦੀ ਹੈ ਇਕ ਅਸਲੇ ਦੀ ਅਤੇ ਦੂਜੇ ਸ਼ਰਾਬ ਪੰਜਾਬ ਉਹ ਸੂਬਾ ਹੈ ਜਿਸ ਵਿੱਚ ਮਿਲਖਾ ਸਿੰਘ ਵਰਗੇ ਦੌੜਾਕ ਹੋਏ ਨੇ ਪੰਜਾਬ ਉਸ ਸੂਬਾ ਹੈ ਜਿਸ ਦੇ ਫੌਜੀ ਨੌਜਵਾਨਾਂ ਨੇ ਬਾਰਡਰਾਂ ਤੇ ਪੂਰੇ ਪੰਜਾਬ ਹੀ ਨਹੀਂ ਬਲਕਿ ਭਾਰਤ ਦੀ ਰਾਖੀ ਕੀਤੀ ਹੈ, ਪੰਜਾਬ ਉਹ ਸੂਬਾ ਹੈ ਜਿਸ ਨੇ ਸਾਰੇ ਭਾਰਤ ਨੂੰ ਅਨਾਜ ਦਿੱਤਾ ਹੈ, ਪਰ ਅੱਜ ਪੰਜਾਬ ਦਾ ਸੱਭਿਆਚਾਰ ਪੰਜਾਬ ਦੇ ਗੀਤ ਜਦੋਂ ਇਹ ਆਖਦੇ ਨੇ

**ਚੌਥਾ ਪੈਗ ਲਾ ਕੇ ਤੇਰੀ ਬਾਂਹ ਫੜ ਨੀ...**

ਸਾਡਾ ਸਾਰਾ ਆਲਾ ਦੁਆਲਾ ਪੰਜਾਬ ਵੱਲ ਵੇਖਦਾ ਹੈ ਕਿ ਪੰਜਾਬ ਦਾ ਨੌਜਵਾਨ ਸ਼ਰਾਬ ਤੋਂ ਬਗੈਰ ਕੁਝ ਕਰਨ ਦੇ ਯੋਗ ਹੀ ਨਹੀਂ ਰਿਹਾ, ਜਿਸ ਪੰਜਾਬ ਦੇ ਕਿਸਾਨ ਦੇ ਹੱਥ ਵਿੱਚ ਸਾਰੇ ਭਾਰਤ ਨੂੰ ਅਨਾਜ ਦੇਣ ਦੀ ਤਾਕਤ ਸੀ ਜਿਸ ਪੰਜਾਬ ਦੇ ਕਿਸਾਨ ਕੋਲ ਭਾਰਤ ਦੇ ਅਨਾਜ ਭੰਡਾਰ ਦੀ ਚਾਬੀ ਸੀ ਅੱਜ ਪੰਜਾਬ ਦਾ ਉਹ ਨੌਜਵਾਨ ਜੱਟ ਗੀਤਾਂ ਵਿੱਚ ਆਖਦਾ ਹੈ

**ਆਹ ਲੈ ਫੜ ਲੈ ਗੱਡੀ ਦੀ ਚਾਬੀ , ਨੀ ਜੱਟ ਹੋ ਗਿਆ ਸ਼ਰਾਬੀ...**

ਇਸ ਸੰਦਰਭ ਵਿੱਚ ਜੇਕਰ ਅਸੀਂ ਪੰਜਾਬ ਦੇ ਲੇਖਕਾਂ ਨਾਲ ਗੱਲ ਕਰਦੇ ਹਾਂ ਤਾਂ ਉਹਨਾਂ ਦਾ ਕਹਿਣਾ ਹੈ ਕਿ ਸਮਾਜ ਵਿੱਚ ਉਹੀ ਕੁਝ ਵਿਕਦਾ ਹੈ ਜਿਸ ਦੀ ਸਮਾਜ ਨੂੰ ਚਾਹਣਾ ਹੁੰਦੀ ਹੈ, ਜੇਕਰ ਆਖਿਆ ਜਾਵੇ ਸਾਰਾ ਦੋਸ਼ ਲੇਖਕਾਂ ਜਾਂ ਗਵਾਈਆਂ ਦਾ ਵੀ ਨਹੀਂ ਹੈ, ਜਦੋਂ ਅਸੀਂ ਸੁਣਨਾ ਹੀ ਨਸ਼ੇ ਭਰਪੂਰ ਸਭਿਆਚਾਰ ਚਾਹੁੰਦੇ ਹਾਂ ਤਾਂ ਸੁਣਾਉਣ ਵਾਲਾ ਧਾਰਮਿਕ ਜਾਂ ਸੱਭਿਆਚਾਰਕ ਸੁਣਾ ਵੀ ਕਿਵੇਂ ਸੁਣਾ ਸਕਦਾ ਹੈ, ਮਾਰਕੀਟ ਵਿੱਚ ਉਹੀ ਸਮਾਨ

ਲਿਆਂਦਾ ਜਾਂਦਾ ਹੈ ਜੋ ਸਮਾਨ ਵਿਕਦਾ ਹੈ, ਅੱਜ ਇਹ ਸੱਚਾਈ ਹੈ ਕਿ ਸੱਭਿਆਚਾਰਕ ਧਾਰਮਿਕ ਅਤੇ ਸਮਾਜ ਨੂੰ ਉੱਚਾ ਚੁੱਕਣ ਵਾਲੇ ਗੀਤ ਸੰਗੀਤ ਆਊਟਡੇਟਡ ਹੋ ਗਏ ਹਨ, ਇਸ ਨੂੰ ਸੁਧਾਰਨ ਲਈ ਕੋਈ ਵੀ ਸਰਕਾਰ ਕੁਝ ਨਹੀਂ ਕਰ ਸਕਦੀ, ਇਸ ਨੂੰ ਸਵਾਰਨ ਲਈ ਸਾਡੇ ਸਮਾਜ ਨੂੰ ਅੱਗੇ ਆਉਣਾ ਪਵੇਗਾ, ਜਦੋਂ ਤੱਕ ਸਾਡਾ ਸਮਾਜ ਸਾਡੇ ਲੋਕ ਸਾਡੇ ਬਜ਼ੁਰਗ ਸਾਡੇ ਨੌਜਵਾਨ ਸਾਡੇ ਆਉਣ ਵਾਲੀ ਪੀੜ੍ਹੀ ਇਹ ਤਹਈਆ ਨਹੀਂ ਕਰਦੀ ਕਿ ਅਸੀਂ ਅਸ਼ਲੀਲ ਅਤੇ ਸ਼ਰਾਬੀ ਸੱਭਿਆਚਾਰ ਅਜਿਹੇ ਗੀਤ ਸੰਗੀਤ ਨੂੰ ਸੁਣਨਾ ਹੀ ਨਹੀਂ ਤਾਂ ਸ਼ਾਇਦ ਪਰੋਸਿਆ ਵੀ ਨਹੀਂ ਜਾਵੇਗਾ, ਤੁਸੀਂ ਕਿਸੇ ਰੈਸਟੋਰੈਂਟ ਵਿੱਚ ਜਾਂਦੇ ਹੋ ਤਾਂ ਤੁਹਾਨੂੰ ਉਹੀ ਕੁਝ ਪਰੋਸਿਆ ਜਾਂਦਾ ਹੈ ਜਿਸ ਚੀਜ਼ ਦੀ ਤੁਸੀਂ ਮੰਗ ਕਰਦੇ ਹੋ ਇਹ ਨਹੀਂ ਹੁੰਦਾ ਕਿ ਤੁਸੀਂ ਵੈਜੀਟੇਰੀਅਨ ਦੀ ਮੰਗ ਕਰੋ ਤੇ ਤੁਹਾਨੂੰ ਨੋਨ ਵੈਜੀਟੇਰੀਅਨ ਭਰੋਸਿਆ ਜਾਵੇ, ਇਸ ਤੋਂ ਭਾਵ ਇਹ ਹੈ ਕਿ ਸਾਡਾ ਸਮਾਜ ਅਤੇ  ਸਾਡੀ ਇਸ ਪੀੜ੍ਹੀ ਦੇ ਕੰਨਾਂ ਦਾ ਸਵਾਦ ਜੋ ਕੁਝ ਮੰਗ ਕਰਦਾ ਹੈ ਉਹੀ ਕੁਝ ਸਾਨੂੰ ਪਰੋਸਿਆ ਜਾਂਦਾ ਹੈ, ਅੱਜ ਲੋੜ ਹੈ ਨਸ਼ਾ ਮੁਕਤ ਚੇਤਨਾ ਸੰਘ ਵਰਗੀਆਂ ਸੰਸਥਾਵਾਂ ਨੂੰ ਜੋ ਨਸ਼ਾ ਮੁਕਤੀ ਲਈ ਕਾਰਜ ਕਰ ਰਹੀਆਂ ਹਨ ਕਿ ਉਹ ਅੱਗੇ ਆਉਣ ਅਤੇ ਸਮਾਜ ਦੇ ਲੋਕਾਂ ਨੂੰ ਅਜਿਹੇ ਗੀਤਾਂ ਅਜਿਹੇ ਸੰਗੀਤ ਤੋਂ ਦੂਰ ਲੈ ਕੇ ਜਾਣ ਲਈ ਪ੍ਰੇਰਨਾ ਸਰੋਤ  ਬਣਨ, ਜਿਸ ਤਰ੍ਹਾਂ ਅੱਜ ਸ਼ਰਾਬ ਦੇ ਥੀਮ ਨੂੰ ਸ਼ਾਨੋ ਸ਼ੌਕਤ ਦਾ ਵਿਸ਼ਾ ਬਣਾ ਕੇ ਪੇਸ਼ ਕੀਤਾ ਜਾਂਦਾ ਹੈ ਉਹ ਬਹੁਤ ਹੀ ਮੰਦਭਾਗਾ ਹੈ ,ਜੇਕਰ ਅਸੀਂ ਪੰਜਾਬ ਵਿੱਚ ਵੱਜ ਰਹੇ ਗੀਤਾਂ ਨੂੰ ਲਈਏ ਤਾਂ ਉਸ ਵਿੱਚੋਂ 70%  ਅਜਿਹੇ ਗੀਤ ਹੋਣਗੇ ਜਿਨਾਂ ਵਿੱਚ ਨਸ਼ੇ ਦੀ ਹਥਿਆਰਾਂ ਗੱਲ ਹੋਵੇਗੀ, ਸਾਡੇ ਸਮਾਜ ਨੂੰ ਸਾਫ ਸੁਥਰਾ ਗਾਉਣ ਵਾਲੇ ਲੇਖਕਾਂ ਸ਼ਹਿਰਾਂ ਗੀਤਕਾਰਾਂ ਅਤੇ ਗਾਇਕਾਂ ਨੂੰ ਅੱਗੇ ਲੈ ਕੇ ਆਉਣ ਦੀ ਲੋੜ ਹੈ ਅੱਜ ਸਾਨੂੰ ਲੋੜ ਹੈ ਪੰਜਾਬ ਨੂੰ ਮੁੜ ਤੋਂ ਨਸ਼ਾ ਮੁਕਤ ਪੰਜਾਬ ਬਣਾਉਣ ਦੀ ਇਸ ਲਈ ਜਿੱਥੇ ਸਾਡੀਆਂ ਸਰਕਾਰਾਂ ਜ਼ੋਰ ਲਾ ਰਹੀਆਂ ਹਨ ਉਥੇ ਸਾਡੇ ਲੇਖਕਾ ਸਮਾਜ ਸੇਵੀਆਂ ਅਤੇ ਗੈਰ ਸਰਕਾਰੀ ਸੰਸਥਾਵਾਂ ਨੂੰ ਇਸ ਕਾਰਜ ਵਿੱਚ ਵਧ ਚੜ ਕੇ ਹਿੱਸਾ ਲੈਣ ਦੀ ਲੋੜ ਹੈ।

*—*—*—*—*

## ਕਵਿਤਾ: ਨਸ਼ਾ-ਮੁਕਤ ਪੰਜਾਬ

*ਲਖਵੀਰ ਸਿੰਘ , ਨਸ਼ਾ ਮੁਕਤੀ ਚੇਤਨਾ ਸੰਘ (ਪੰਜਾਬ)*

ਰਿਸ਼ੀਆਂ, ਮੁਨੀਆਂ ਤੇ ਗੁਰੂਆਂ ਦੀ ਧਰਤੀ ਨੂੰ,

ਕੀ ਆਖਾਂ, ਕੀ ਸਮਝਾਂ ਭੈੜ ਇਸ ਵਰਤੀ ਨੂੰ।

ਮਿਹਨਤ ਤੇ ਸਿਰੜ ਦਾ ਨਸ਼ਾ ਸੀ ਕਰਦੇ ਜਿਹੜੇ,

ਅੱਜ ਟੀਕੇ, ਗੋਲੀਆਂ ਦਾ ਕਰਨ ਲੱਗ ਪਏ ਨੇ।

ਮੇਰੇ ਦੇਸ਼ ਦੇ ਨੌਜਵਾਨ, ਜੋ ਦੇਸ਼ ਲਈ ਸ਼ਹੀਦ ਸੀ ਹੁੰਦੇ,

ਅੱਜ-ਕੱਲ੍ਹ ਨਸ਼ਿਆਂ ਕਰਕੇ ਮਰਨ ਲੱਗ ਪਏ ਨੇ।

ਅਕਸਰ ਮੁਸ਼ਕਲਾਂ ਬਹੁਤ ਰਹੀਆਂ ਨੇ ਘੇਰਦੀਆਂ ਪੰਜਾਬ ਨੂੰ,

ਗੁਆਂਢੀ ਮੁਲਕਾਂ ਦੀਆਂ ਮਾੜੀਆਂ ਨੀਤਾਂ ਵੀ ਰਹਿੰਦੀਆਂ ਨੇ ਛੇੜਦੀਆਂ ਪੰਜਾਬ ਨੂੰ।

ਸਾਡਾ ਕੰਮ ਹੈ ਮਿਹਨਤ ਕਰਨਾ, ਜਾਗਰੂਕ ਕਰਨਾ,

ਅਤੇ ਕਰਦੇ ਜਾਵਾਂਗੇ।

ਨਸ਼ੇ ਕਰਕੇ ਨਹੀਂ, ਪਰ ਆਪਣੇ ਦੇਸ਼-ਕੌਮ ਲਈ,

ਹਮੇਸ਼ਾ ਮਰਦੇ ਜਾਵਾਂਗੇ।

ਨਸ਼ੇ ਛੱਡੀਏ, ਕੋਹੜ ਵੱਢੀਏ,

ਸਭ ਦਾ ਇੱਕ ਦਿਨ ਖ਼ੁਆਬ ਹੋਵੇਗਾ।

ਸ਼ਾਲਾ! ਇੱਕ ਦਿਨ

ਨਸ਼ਾ-ਮੁਕਤ ਪੰਜਾਬ ਹੋਵੇਗਾ।

*—*—*—*—*

**ਨਸ਼ਾ ਮੁਕਤੀ ਚੇਤਨਾ ਸੰਘ (ਪੰਜਾਬ)**

**ਤਿਮਾਹੀ ਪੱਤ੍ਰਿਕਾ (ਅਪ੍ਰੈਲ,ਮਈ,ਜੂਨ 2026)**

| ਲੜੀ ਨੰਬਰ | ਕਾਰਜਕਰਤਾ ਦਾ ਨਾਂ | ਮਿਤੀ | ਸੰਸਥਾ/ਸਥਾਨ | ਕੁੱਲ ਸੰਖਿਆ (ਅੰਦਾਜਨ) | ਮੁੱਖ ਮਹਿਮਾਨ (ਜੇਕਰ ਕੋਈ ਹੋਵੇ ) | ਵਿਸ਼ੇਸ਼ ਕਥਨ |
|---|---|---|---|---|---|---|
| 1. | ਡਾ. ਕ੍ਰਿਸ਼ਨ ਗੋਪਾਲ ਜੀ, ਸ੍ਰੀ ਜਸਵੀਰ ਸਿੰਘ ਜੀ, ਪ੍ਰੋ ਮਦਨਜੀਤ ਸਿੰਘ ਜੀ ਐਂਕਰ ਸਤਿੰਦਰ ਸੱਤੀ ਜੀ | 13/04/2026 | ਸਤਿਸੰਗ ਬਾਬਾ ਤਰਲੋਚਨ ਦਾਸ ਜੀ | 25000 | ------ | **ਧਾਰਮਿਕ ਖੇਤਰ** |
| 2. | ਡਾ. ਅਮਿਤ ਕਾਂਸਲ | 16/04/2026 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਦੁੱਗਾਂ (ਸੰਗਰੂਰ) | 300 | ਸਰਪੰਚ ਸ੍ਰੀਮਤੀ ਅਮਨਦੀਪ ਕੌਰ ਜੀ | **ਵਿੱਦਿਅਕ ਖੇਤਰ** |
| 3. | ਡਾ. ਅਮਿਤ ਕਾਂਸਲ | 17/04/2026 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਝਾੜੋਂ (ਸੰਗਰੂਰ) | 250 | ਡਾ. ਪ੍ਰਦੀਪ ਜੈਨ (**SLIET Longowal)** | **ਵਿੱਦਿਅਕ ਖੇਤਰ** |
| 4. | ਡਾ. ਜਸਪਾਲ ਸਿੰਘ | 22/04/2026 | ਸ਼ਿਵ ਸ਼ਕਤੀ ਗਰੁੱਪ ਆਫ ਕਾਲਜਿਜ਼ , ਭੀਖੀ (ਮਾਨਸਾ) | 500 | ਐਮ. ਡੀ. ਸ੍ਰੀ ਦੀਪਕ ਕੁਮਾਰ ਜੀ, ਸ੍ਰੀ ਪ੍ਰਵੇਸ਼ ਜੀ | **ਵਿੱਦਿਅਕ ਖੇਤਰ** |
| 5. | ਸ੍ਰੀ ਜਸਵੀਰ ਸਿੰਘ ਜੀ, ਪ੍ਰੋ ਮਦਨਜੀਤ ਸਿੰਘ ਜੀ ,ਸ੍ਰੀ ਅਸ਼ੋਕ ਬਾਂਸਲ ਜੀ | 23/04/2026 | ਰਿਮਟ ਯੂਨੀਵਰਸਿਟੀ , ਮੰਡੀ ਗੋਬਿੰਦਗੜ੍ਹ , | 500 | ਵਾਈਸ ਚਾਂਸਲਰ ਸਾਹਿਬ | **ਵਿੱਦਿਅਕ ਖੇਤਰ** |

| | | | | | | |
|---|---|---|---|---|---|---|
| 6. | ਡਾ. ਰਾਜਿੰਦਰਪਾਲ ਸਿੰਗਲਾ | 25/04/2026 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੇਡਪੁਰਾ (ਪਟਿਆਲਾ) | 150 | ਸਕੂਲ ਪ੍ਰਿੰਸੀਪਲ | **ਵਿੱਦਿਅਕ ਖੇਤਰ** |
| 7. | ਪ੍ਰੋ. ਲਖਵੀਰ ਸਿੰਘ, ਸ਼੍ਰੀ ਹੇਮੰਤ ਸ਼ਰਮਾਂ | 02.05.2026 | ਪੀ. ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਡੇਹਲੋਂ, ਜ਼ਿਲ੍ਹਾ ਲੁਧਿਆਣਾ | 200 | ਸਕੂਲ ਪ੍ਰਿੰਸੀਪਲ | **ਵਿੱਦਿਅਕ ਖੇਤਰ** |
| 8. | ਪ੍ਰੋ. ਲਖਵੀਰ ਸਿੰਘ, | 04.05.2026 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕਿਲ੍ਹਾ ਰਾਏਪੁਰ, ਜ਼ਿਲ੍ਹਾ ਲੁਧਿਆਣਾ | 250 | ਸਕੂਲ ਪ੍ਰਿੰਸੀਪਲ | **ਵਿੱਦਿਅਕ ਖੇਤਰ** |
| 9. | ਡਾ. ਅਮਿਤ ਕਾਂਸਲ | 04.05.2026 | ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ , ਪਿੰਡ ਸ਼ੇਰੋਂ , ਸੰਗਰੂਰ | 270 | ਸਕੂਲ ਪ੍ਰਿੰਸੀਪਲ (ਸ੍ਰੀਮਤੀ ਭਾਰਤੀ ਨੰਦਾ) | **ਵਿੱਦਿਅਕ ਖੇਤਰ** |
| 10. | ਸ੍ਰੀ ਹਰਭਾਗ ਸਿੰਘ | 04.05.2026 | **ਮਲੇਰਕੋਟਲਾ: ਧਾਰਮਿਕ ਖੇਤਰ** ਸੰਤ ਬਾਬਾ ਜੀਵਨ ਸਿੰਘ ਬਗੀਚੀ ਵਾਲੇ, ਸੰਤ ਮਹਾਰਾਜ ਚੋਬਦਾਰਾ ਵਾਲੇ ਅਤੇ ਸੰਤ ਬਾਬਾ ਤਿਲਕ ਦਾਸ ਲਾਲਾ ਵਾਲੇ ਦਰਗਾਹ ਮਲੇਰਕੋਟਲਾ ਜੀ ਨਾਲ ਨਸ਼ਾ ਮੁਕਤੀ ਚੇਤਨਾ ਸੰਘ (ਪੰਜਾਬ ) ਬਾਰੇ ਮਿਲਣੀ/ਗੱਲਬਾਤ ਹੋਈ , ਜਿਸ ਸਮੇਂ ਉਹਨਾਂ ਵੱਲੋਂ ਸਾਥ ਦੇਣ ਦਾ ਵਾਅਦਾ ਕੀਤਾ ਗਿਆ | | | |

| | | | | | | |
|---|---|---|---|---|---|---|
| 11. | ਡਾ. ਜਸਪਾਲ ਸਿੰਘ | 05.05.2026 | ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ , ਦਾਤੇਵਾਸ , ਮਾਨਸਾ | 250 | ਸਕੂਲ ਪ੍ਰਿੰਸੀਪਲ (ਸ੍ਰੀ ਅਰੁਣ ਕੁਮਾਰ, ਸ੍ਰੀ ਸਾਹਿਲ ਤਨੇਜਾ) | ਵਿੱਦਿਅਕ ਖੇਤਰ |
| 12. | ਪ੍ਰੋ. ਲਖਵੀਰ ਸਿੰਘ | 06.05.2026 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਿੰਡ ਸਿਆੜ੍ਹ ਜ਼ਿਲਾ ਲੁਧਿਆਣਾ | 290 | ਸਕੂਲ ਪ੍ਰਿੰਸੀਪਲ | ਵਿੱਦਿਅਕ ਖੇਤਰ |
| 13. | ਪ੍ਰੋ. ਲਖਵੀਰ ਸਿੰਘ | 12.05.2026 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਿੰਡ ਖਾਨਪੁਰ, ਜ਼ਿਲਾ ਲੁਧਿਆਣਾ | 178 ਵਿਦਿਆਰਥੀ 22 ਅਧਿਆਪਕ | ਸਕੂਲ ਪ੍ਰਿੰਸੀਪਲ | ਵਿੱਦਿਅਕ ਖੇਤਰ |
| 14. | ਸ੍ਰੀ ਜਸਵੀਰ ਸਿੰਘ ਜੀ , ਸ੍ਰੀ ਅਮਿਤ ਕਾਂਸਲ ਜੀ, ਸ੍ਰੀ ਵਿਨੋਦ ਗੋਇਲ ਜੀ | 12.05.2026 | ਰਤਨ ਗਰੁੱਪ ਆਫ ਇੰਸਟੀਟਿਊਟਸ , ਮੋਹਾਲੀ | 200 | ਸੰਬੰਧਿਤ ਡਾਇਰੈਕਟਰ | ਵਿੱਦਿਅਕ ਖੇਤਰ |
| 15. | ਡਾ ਬੱਲਮ ਲੀਂਬਾ | 12.05.2026 | ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ,ਮੱਤੀ ਜ਼ਿਲ੍ਹਾ ਮਾਨਸਾ | 250 | ਸਕੂਲ ਪ੍ਰਿੰਸੀਪਲ | ਵਿੱਦਿਅਕ ਖੇਤਰ |
| 16. | ਪ੍ਰੋ. ਲਖਵੀਰ ਸਿੰਘ | 13.05.2026 | ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ (ਲੜਕੀਆਂ), ਹਰਗੋਬਿੰਦਪੁਰ, ਲੁਧਿਆਣਾ | 250 ਵਿਦਿਆਰਥਣਾਂ 30 ਅਧਿਆਪਕ | ਪ੍ਰਿੰਸੀਪਲ | ਵਿੱਦਿਅਕ ਖੇਤਰ |

| | | | | | | |
|---|---|---|---|---|---|---|
| 17. | ਪ੍ਰੋ. ਲਖਵੀਰ ਸਿੰਘ | 15.05.2026 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਗੁਰਮ ਜ਼ਿਲ੍ਹਾ ਲੁਧਿਆਣਾ | 130 ਵਿਦਿਆਰਥੀ 18 ਅਧਿਆਪਕ | ਪ੍ਰਿੰਸੀਪਲ | ਵਿੱਦਿਅਕ ਖੇਤਰ |
| 18. | ਡਾ. ਜਸਪਾਲ ਸਿੰਘ | 15.05.2026 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ ਪਿੰਡ ਰਾਮਨਗਰ , ਜ਼ਿਲ੍ਹਾ ਬਠਿੰਡਾ | 70 | ਸਕੂਲ ਪ੍ਰਿੰਸੀਪਲ (ਸ੍ਰੀ ਰਾਜਿੰਦਰ ਸਿੰਘ) | ਵਿੱਦਿਅਕ ਖੇਤਰ |
| 19. | ਡਾ. ਜਸਪਾਲ ਸਿੰਘ | 15.05.2026 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ ਪਿੰਡ ਕੋਟ ਸ਼ਮੀਰ , ਜ਼ਿਲ੍ਹਾ ਬਠਿੰਡਾ | 60 | ਸਕੂਲ ਪ੍ਰਿੰਸੀਪਲ (ਸ੍ਰੀ ਵਿਸ਼ਾਲ ਸਿੰਗਲਾ ) | ਵਿੱਦਿਅਕ ਖੇਤਰ |
| 20. | ਡਾ. ਜਸਪਾਲ ਸਿੰਘ | 15.05.2026 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ ਐਮੀਨੈਂਸ ਮਾਲ ਰੋਡ , ਬਠਿੰਡਾ | 250 | ਸਕੂਲ ਪ੍ਰਿੰਸੀਪਲ (ਸ੍ਰੀ ਕੁਲਵਿੰਦਰ ਸਿੰਘ) | ਵਿੱਦਿਅਕ ਖੇਤਰ |
| 21. | ਪ੍ਰੋ. ਲਖਵੀਰ ਸਿੰਘ | 16.05.2026 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਭੁੱਟਾ,ਜ਼ਿਲ੍ਹਾ ਲੁਧਿਆਣਾ | 240 ਵਿਦਿਆਰਥੀ 22 ਅਧਿਆਪਕ | ਸਕੂਲ ਪ੍ਰਿੰਸੀਪਲ | ਵਿੱਦਿਅਕ ਖੇਤਰ |
| 22. | ਸ੍ਰੀ ਗੁਰਵਿੰਦਰ ਸਿੰਘ | 18.05.2026 | ਨਸ਼ਿਆਂ ਦੀ ਜਾਗਰੂਕਤਾ ਸੰਬੰਧੀ ਰੈਲੀ, ਬਠਿੰਡਾ ਵਿਖੇ | 50 | ਸਕੂਲ ਪ੍ਰਿੰਸੀਪਲ | ਵਿੱਦਿਅਕ ਖੇਤਰ |
| 23. | ਪ੍ਰੋ. ਲਖਵੀਰ ਸਿੰਘ | 19.05.2026 | ਸ਼ਹੀਦ ਪਰਮਜੀਤ ਸਿੰਘ ਸਕੂਲ ਆਫ਼ | 650 ਵਿਦਿਆਰਥੀ ਅਤੇ 33 | ਸਕੂਲ ਪ੍ਰਿੰਸੀਪਲ | ਵਿੱਦਿਅਕ ਖੇਤਰ |

| | | | | | | |
|---|---|---|---|---|---|---|
| | | | ਐਮੀਨੈਂਸ, ਪਿੰਡ ਗਿੱਲ, ਲੁਧਿਆਣਾ | ਅਧਿਆਪਕ | | |
| 24. | ਪ੍ਰੋ. ਲਖਵੀਰ ਸਿੰਘ | 20.05.2026 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਿੰਡ ਸੰਗੋਵਾਲ, ਲੁਧਿਆਣਾ | 180 ਵਿਦਿਆਰਥੀ ਅਤੇ 10 ਅਧਿਆਪਕ | ਸਕੂਲ ਪ੍ਰਿੰਸੀਪਲ | **ਵਿੱਦਿਅਕ ਖੇਤਰ** |
| 25. | ਸ੍ਰੀ ਜਸਪ੍ਰੀਤ ਸਿੰਘ | 20.05.2026 | ਬਿਊਟੀ ਅਕੈਡਮੀ, ਅਬੋਹਰ | 50 | ਪ੍ਰਬੰਧਕ | **ਵਿੱਦਿਅਕ ਖੇਤਰ** |
| 26. | **ਸ੍ਰੀ ਗੁਰਵਿੰਦਰ ਸਿੰਘ** | 21.05.2026 | ਪੰਜਾਬ ਕਾਲਜ ਆਫ ਐਜੂਕੇਸ਼ਨ ਕੋਟਸ਼ਮੀਰ, ਬਠਿੰਡਾ | 50 | ਕਾਲਜ ਪ੍ਰਿੰਸੀਪਲ | **ਵਿੱਦਿਅਕ ਖੇਤਰ** |
| 27. | **ਪ੍ਰੋ. ਲਖਵੀਰ ਸਿੰਘ** | 23.05.2026 | ਪੀ. ਐੱਮ. ਸ੍ਰੀ ਸਰਕਾਰੀ ਹਾਈ ਸਕੂਲ, ਪਿੰਡ ਡੋਡ, ਜ਼ਿਲਾ ਫਰੀਦਕੋਟ | ਤਕਰੀਬਨ 85 ਵਿਦਿਆਰਥੀ ਅਤੇ 15 ਅਧਿਆਪਕ | ਸਕੂਲ ਪ੍ਰਿੰਸੀਪਲ | **ਵਿੱਦਿਅਕ ਖੇਤਰ** |
| 28. | ਡਾ. ਅਮਿਤ ਕਾਂਸਲ | 23.05.2026 | ਨਿਰਮਾਣ ਕੈਪਸ , ਸੁਨਾਮ, ਸਮਾਜਿਕ ਸੱਜਣਾਂ ਨਾਲ਼ ਵਿਚਾਰ ਚਰਚਾ | 100 | -------- | **ਗ੍ਰਾਮੀਣ ਖੇਤਰ** ਗਤੀਵਿਧੀ |
| 29. | ਡਾ. ਅਮਿਤ ਕਾਂਸਲ | 25.05.2026 | ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੰਢੂਆਂ ,ਜ਼ਿਲ੍ਹਾ ਸੰਗਰੂਰ | 80 | ਸਕੂਲ ਪ੍ਰਿੰਸੀਪਲ | **ਵਿੱਦਿਅਕ ਖੇਤਰ** |
| 30. | ਡਾ. ਨਰਿੰਦਰਪਾਲ ਸਿੰਘ | 29.05.2026 | ਸੈਂਟ ਸਹਾਰਾ ਕਾਲਜ ਆਫ ਐਜੁਕੇਸ਼ਨ ਸ੍ਰੀ ਮੁਕਤਸਰ ਸਾਹਿਬ | 60 | ਕਾਲਜ ਪ੍ਰਿੰਸੀਪਲ | **ਵਿੱਦਿਅਕ ਖੇਤਰ** |


| | | | | | | |
|---|---|---|---|---|---|---|
| 31. | ਸ੍ਰੀ ਜਸਵੀਰ ਸਿੰਘ, ਸ੍ਰੀ ਅਜੇ ਕੁਮਾਰ, ਸ੍ਰੀ ਮਦਨਜੀਤ ਸਿੰਘ , ਡਾ. ਜਸਪਾਲ ਸਿੰਘ | 26, 27, 28 ਜੂਨ, 2026 | ਯੂਥ ਲੀਡਰਸ਼ਿਪ ਟ੍ਰੇਨਿੰਗ ਕੈਂਪ ਯੂਥ ਹੋਸਟਲ ਡਲਹੌਜੀ (HP) | ਕੁੱਲ ਵਿਦਿਆਰਥੀ 46 | ਸ੍ਰੀ ਜਸਵੀਰ ਸਿੰਘ, ਸ੍ਰੀ ਅਸ਼ਵਨੀਪਾਲ ਸਿੰਘ ਜੀ | **ਵਿੱਦਿਅਕ ਖੇਤਰ** |
| 32. | ਪ੍ਰੋ ਲਖਵੀਰ ਸਿੰਘ ਅਤੇ ਡਾ. ਰਾਜਿੰਦਰਪਾਲ ਸਿੰਗਲਾ ਜੀ ਵੱਲੋਂ ; ਨਸ਼ਾ ਮੁਕਤੀ ਚੇਤਨਾ ਸੰਘ ਦੇ ਉਦੇਸ਼ਾਂ ਦੀ ਪੂਰਤੀ ਹਿੱਤ , ਗਰਮੀਆਂ ਦੀਆਂ ਛੁੱਟੀਆਂ (ਜੂਨ 2026) ਦੌਰਾਨ ਸਕੂਲੀ ਵਿਦਿਆਰਥੀਆਂ ਲਈ ਆਨਲਾਈਨ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ , ਜਿਸ ਵਿੱਚ1200 ਤੋਂ ਵੱਧ ਵਿਦਿਆਰਥੀਆਂ/ਨੌਜਵਾਨਾ ਨੇ ਭਾਗ ਲਿਆ। | | | | | **ਵਿੱਦਿਅਕ ਖੇਤਰ** |


**ਕੁੱਲ ਗਤੀਵਿਧੀਆਂ : 32**

**ਗ੍ਰਾਮੀਣ ਖੇਤਰ : 01 ,        ਧਾਰਮਿਕ ਖੇਤਰ 02**

**ਅਕਾਦਮਿਕ /ਵਿੱਦਿਅਕ ਖੇਤਰ: 29**

ਨਸ਼ਾ ਮੁਕਤੀ ਚੇਤਨਾ ਸੰਘ (ਪੰਜਾਬ) ਵੱਲੋਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਜੂਨ 2026 ਵਿੱਚ ਸਕੂਲੀ ਵਿਦਿਆਰਥੀਆਂ ਲਈ ਆਨਲਾਈਨ ਪੋਸਟਰ ਮੇਕਿੰਗ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਦਾ ਕੇਂਦਰ ਬਿੰਦੂ "ਨਸ਼ਿਆਂ ਨੂੰ ਨਾਂਹ, ਜ਼ਿੰਦਗੀ ਨੂੰ ਹਾਂ" ਸੀ ਜਿਸ ਵਿੱਚ 1250 ਵਿਦਿਆਰਥੀਆਂ ਨੇ ਭਾਗ ਲਿਆ, ਜਿੰਨ੍ਹਾਂ ਚੋਂ ਕੁਝ ਚੋਣਵੇਂ ਪੋਸਟਰ ਇਸ ਤਿਮਾਹੀ ਪੱਤ੍ਰਿਕਾ ਚ' ਪ੍ਰਕਾਸ਼ਿਤ ਕੀਤੇ ਜਾ ਰਹੇ ਹਨ...






















# नशा मुक्ति चेतना संघ

Follow us on : https://nmcs.co.in/

जागरूकता ही समाधान है

ਨਸ਼ਾ ਮੁਕਤੀ ਚੇਤਨਾ ਸੰਘ (ਪੰਜਾਬ) ਵੱਲੋਂ 18 ਅਪ੍ਰੈਲ 2026 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਯੋਜਿਤ ਕੀਤੇ ਗਏ . "ਨਸ਼ਾ ਮੁਕਤ ਪੰਜਾਬ ਸੰਕਲਪ ਸਮਾਰੋਹ" ਦੀਆਂ ਝਲਕੀਆਂ ; ਜਿਸ ਵਿੱਚ ਮਾਣਯੋਗ ਰਾਜਪਾਲ (ਪੰਜਾਬ) ਸ੍ਰੀ ਗੁਲਾਬ ਚੰਦ ਕਟਾਰੀਆ ਜੀ, ਸੰਤ ਬਾਬਾ ਤਰਲੋਚਨ ਦਾਸ ਜੀ, ਚੀਫ ਜਸਟਿਸ ਸ੍ਰੀ ਜਗਦੀਸ਼ ਖੇਖਰ ਜੀ ਅਤੇ ਕੌਮੀ ਮਾਰਗਦਰਸ਼ਕ ਡਾ. ਕ੍ਰਿਸ਼ਨ ਗੋਪਾਲ ਜੀ ਅਤੇ ਕਰੀਬ 3500 ਸਮਾਜ ਸੇਵੀ, ਵਿਦਿਆਰਥੀ ਤੇ ਨੌਜਵਾਨ ਸ਼ਾਮਿਲ ਹੋਏ..














# नशा मुक्ति चेतना संघ

**Follow us on : https://nmcs.co.in/**

जागरूकता ही समाधान है !